# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ  ਸਹਿ ਸੰਪਾਦਕ: ਨਵਜੋਤ ਬਿਲਿੰਗ  ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ  ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਬਾਬਾ ਬੁੱਢਾ ਸ਼ਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲਗਾਇਆ ਲੰਗਰ

ਵਰਲਡ ਪੰਜਾਬੀ ਟਾਈਮਜ਼ ਟਿੱਕੂ ਕੁਮਾਰ



ਕੋਟਕਪੂਰਾ, 7 ਅਕਤੂਬਰ : ਅੱਜ ਸਥਾਨਕ ਮੇਨ ਬਾਈਪਾਸ ਬਠਿੰਡਾ ਫਰੀਦਕੋਟ ਰੋਡ 'ਤੇ ਨਪਾਲੀ ਢਾਬੇ ਦੇ ਨਜ਼ਦੀਕ ਪੈਟਰੋਲ ਪੰਪ ਉੱਤੇ ਠੇਕੇਦਾਰ ਦਰਸ਼ਨ ਸਿੰਘ ਅਤੇ ਠੇਕੇਦਾਰ ਗੁਰਦੇਵ ਸਿੰਘ ਤੇ ਪਰਿਵਾਰ ਵੱਲੋਂ ਬਾਬਾ ਬੁੱਢਾ ਸ਼ਾਹਿਬ 'ਤੇ ਜਨਮ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਇਆ ਗਿਆ। ਇਸ ਮੌਕੇ ਠੇਕੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਸਤਿਗੁਰਾਂ ਦੀ ਅਪਾਰ ਕਿਰਪਾ ਸਦਕਾ ਸਾਡੇ ਸਮੁੱਚੇ ਪਰਿਵਾਰ ਵੱਲੋਂ ਆਪਣੀ ਦਸਾਂ ਨੌਹਾਂ ਦੀ ਕਮਾਈ ਨੂੰ ਸਫਲ ਬਣਾਉਣ ਵਾਸਤੇ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਹਰੇਕ ਸਾਲ ਸੰਗਤਾਂ ਵਾਸਤੇ ਦਿਹਾਤੀ ਕੋਠੇ ਪੰਚਾਇਤ ਅਤੇ ਆਮ ਲੋਕਾਂ ਵੱਲੋਂ ਲੰਗਰ ਲਗਾਇਆ ਜਾਂਦਾ ਹੈ ਇਸੇ ਲੜੀ ਤਹਿਤ ਪੰਜਵਾਂ ਸਲਾਨਾ ਲੰਗਰ ਲਗਾਇਆ ਗਿਆ। ਜਿਸ ਵਿੱਚ ਅੱਜ ਸੁਬਾ ਤੋਂ ਲੈ ਕੇ ਸ਼ਾਮ ਤੱਕ ਪਕੌੜੇ, ਜਲੇਬੀਆਂ, ਪੁਰੀਆਂ, ਪਾਣੀ ਅਤੇ ਪ੍ਰਸਾਦੇ ਦਾ ਲੰਗਰ ਲਗਾਇਆ ਗਿਆ ਹੈ, ਜੋ ਲਗਾਤਾਰ ਤਿੰਨ ਦਿਨ 6,7,8 ਅਕਤੂਬਰ ਤੱਕ ਚੱਲੇਗਾ। ਇਸ ਮਹਾਨ ਜੱਗ ਵਿੱਚ ਆਮ ਲੋਕਾਂ ਤੋਂ ਇਲਾਵਾ ਵੱਖ-ਵੱਖ ਪਾਰਟੀਆਂ ਦੇ ਆਗੂ ਆਪਣਾ ਯੋਗਦਾਨ ਪਾ ਕੇ ਆਪਣੀ ਕਮਾਈ ਸਫਲ ਕਰ ਰਹੇ ਹਨ, ਜਿਨਾਂ ਵਿੱਚ ਅੱਜ ਸੁਬਾ ਕਾਂਗਰਸ ਦੇ ਉੱਗੇ ਆਗੂ ਅਤੇ ਹਲਕਾ ਇੰਚਾਰਜ ਸ੍ਰ ਅਜੇਪਾਲ ਸਿੰਘ ਸੰਧੂ ਅਤੇ ਅਕਾਲੀ ਦਲ ਦੇ ਸਾਬਕਾ ਮੰਤਰੀ ਮਨਤਾਰ ਸਿੰਘ ਬਰਾੜ ਨੇ ਪੰਗਤੀਆਂ ਵਿੱਚ ਬੈਠ ਕੇ ਲੰਗਰ ਛਕਿਆ। ਇਸ ਚੱਲ ਰਹੇ ਜੱਗ ਵਿੱਚ ਓਲਡ ਇਜ ਗੋਲਡ ਕਲੱਬ ਦੇ ਪ੍ਰਧਾਨ ਰਿਟਾ ਮਾਸਟਰ ਜੋਗਿੰਦਰ ਸਿੰਘ ਅਤੇ ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਸੇਵਾ ਨਿਭਾਈ ਜਾ ਰਹੀ ਹੈ।

## ਖੇਤੀਬਾੜੀ ਵਿਭਾਗ ਤਹਿਸੀਲ ਪਟਿਆਲਾ ਦੇ ਕਿਸਾਨਾਂ ਨੂੰ ਪਿੰਡ ਪੱਧਰੀ ਕੈਂਪਾਂ ਰਾਹੀਂ ਪਰਾਲੀ ਦੀ ਸੰਭਾਲ ਸਬੰਧੀ ਕਰ ਰਿਹਾ ਜਾਗਰੂਕ: ਐਸ.ਡੀ.ਐਮ.

### 64 ਪਿੰਡ ਪੱਧਰੀ ਅਤੇ 2 ਬਲਾਕ ਪੱਧਰੀ ਕੈਂਪ ਲਗਾਏ; ਕਰੀਬ 2000 ਅਗਾਂਹਵਧੂ ਕਿਸਾਨਾਂ ਨੇ ਕੀਤੀ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 7 ਅਕਤੂਬਰ: ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਸ.ਡੀ.ਐਮ. ਪਟਿਆਲਾ ਗੁਰਦੇਵ ਸਿੰਘ ਧੰਮ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸੀ.ਆਰ.ਐਮ. ਸਕੀਮ ਦੀ ਮੱਦ ਆਈ.ਈ.ਸੀ. ਗਤੀਵਿਧੀਆਂ ਤਹਿਤ ਕਿਸਾਨਾਂ ਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਘੱਟ ਕਰਨ ਲਈ ਝੋਨੇ ਦੀ ਵਾਢੀ ਤੋਂ ਪਹਿਲਾਂ ਪਿੰਡ ਪੱਧਰੀ ਕੈਂਪਾਂ, ਮੋਬਾਇਲ ਵੈਨ, ਨੁੱਕੜ ਨਾਟਕ ਅਤੇ ਸਕੂਲ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਮੁੱਖ ਖੇਤੀਬਾੜੀ ਅਫਸਰ ਡਾ. ਦਾਰਾ ਸਿੰਘ ਨੇ ਦੱਸਿਆ ਕਿ ਬਲਾਕ ਖੇਤੀਬਾੜੀ ਅਫਸਰ ਪਟਿਆਲਾ ਡਾ. ਗੁਰਮੀਤ ਸਿੰਘ ਅਤੇ ਬਲਾਕ ਖੇਤੀਬਾੜੀ ਅਫਸਰ ਭੁਨਹੇੜੀ ਡਾ. ਮਨਦੀਪ ਸਿੰਘ ਅਧੀਨ ਪੈਂਦੇ ਸਰਕਲਾਂ ਵਿੱਚ ਹੁਣ ਤੱਕ 64 ਪਿੰਡ ਪੱਧਰੀ ਅਤੇ 2 ਬਲਾਕ ਪੱਧਰੀ ਕੈਂਪ ਲਗਾਏ ਜਾ ਚੁੱਕੇ ਹਨ। ਇਨ੍ਹਾਂ ਕੈਂਪਾਂ ਵਿੱਚ ਪਿੰਡਾਂ ਦੇ ਸਰਪੰਚਾਂ, ਨੰਬਰਦਾਰਾਂ, ਚੌਂਕੀਦਾਰਾਂ ਅਤੇ ਕਰੀਬ 2000 ਅਗਾਂਹਵਧੂ ਕਿਸਾਨਾਂ ਨੇ ਭਾਗ ਲਿਆ।

ਇਨ੍ਹਾਂ ਕੈਂਪਾਂ ਦੌਰਾਨ ਖੇਤੀਬਾੜੀ ਵਿਸਥਾਰ ਅਫਸਰ (ਦੌਣਕਲਾਂ) ਡਾ. ਰਵਿੰਦਰਪਾਲ ਸਿੰਘ ਚੱਠਾ, ਡਾ. ਬਲਵਿੰਦਰ ਕੌਰ (ਸਨੌਰ) ਅਤੇ ਖੇਤੀਬਾੜੀ ਵਿਕਾਸ ਅਫਸਰ ਡਾ. ਜਸ਼ਨਦੀਪ ਕੌਰ (ਲੰਗ), ਡਾ. ਜ਼ਸਪਿੰਦਰ ਕੌਰ (ਗੱਜੂਮਾਜਰਾ), ਡਾ. ਗਗਨਦੀਪ ਸਿੰਘ (ਧਬਲਾਨ), ਡਾ. ਜ਼ਸਪ੍ਰੀਤ ਸਿੰਘ ਰੰਧਾਵਾ (ਡਕਾਲਾ), ਡਾ. ਵਿਮਲਪ੍ਰੀਤ ਸਿੰਘ, ਖੇਤੀਬਾੜੀ ਉਪਨਿਰੀਖਕਾਂ ਅਤੇ ਆਤਮਾ ਸਟਾਫ ਵੱਲੋਂ ਕਿਸਾਨਾਂ ਨੂੰ ਪਰਾਲੀ ਨੂੰ ਖੇਤਾਂ ਵਿੱਚ ਵਾਹੁਣ ਅਤੇ ਗੰਢਾਂ ਬਣਾ ਕੇ ਉਦਯੋਗਿਕ ਇਕਾਈਆਂ ਨੂੰ ਦੇਣ ਲਈ ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਮੁਹੱਈਆ ਕਰਵਾਈ ਗਈ ਸੀ.ਆਰ.ਐਮ. ਮਸ਼ੀਨਰੀ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਗਿਆ।

ਇਸ ਮੌਕੇ ਕਿਸਾਨਾਂ ਨੂੰ ਦੱਸਿਆ ਗਿਆ ਕਿ ਉਹ ਖੇਤੀਬਾੜੀ ਵਿਭਾਗ ਅਤੇ ਸਹਿਕਾਰੀ ਸਭਾਵਾਂ ਨਾਲ ਸੰਪਰਕ ਕਰਕੇ ਸੀ.ਆਰ.ਐਮ. ਮਸ਼ੀਨਰੀ ਦੀ ਮੰਗ ਕਰ ਸਕਦੇ ਹਨ, ਤਾਂ ਜੋ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਘੱਟ ਕਰਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

## ਡਾ. ਮਹਿੰਦਰ ਬਰਾੜ ਸਾਂਭੀ ਸਰਕਾਰੀ ਕੰਨਿਆ ਸਕੂਲ ਦੀਆਂ ਹੋਣਹਾਰ ਵਿਦਿਆਰਥਣਾ ਸਨਮਾਨਤ

### ਰਾਮ ਮੁਹੰਮਦ ਸਿੰਘ ਆਜ਼ਾਦ ਸੁਸਾਇਟੀ ਦਾ ਉਪਰਾਲਾ ਪ੍ਰਸੰਸਾਯੋਗ : ਡਾ. ਸੰਦੀਪ ਕੁਮਾਰ

ਵਰਲਡ ਪੰਜਾਬੀ ਟਾਈਮਜ਼ ਟਿੱਕੂ ਕੁਮਾਰ



ਕੋਟਕਪੂਰਾ, 7 ਅਕਤੂਬਰ : ਅੱਜ ਡਾ. ਮਹਿੰਦਰ ਬਰਾੜ ਸਾਂਭੀ ਪੀ.ਐਮ.ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਵਿਖੇ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਕੋਟਕਪੂਰਾ ਵੱਲੋਂ ਸਕੂਲ ਦੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਹੋਣਹਾਰ ਵਿਦਿਆਰਥਣਾ ਨੂੰ ਸਨਮਾਨਿਤ ਕਰਨ ਲਈ ਸਨਮਾਨ ਸਮਾਗਮ ਕੀਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੇਮ ਚਾਵਲਾ, ਵਿੱਤ ਸਕੱਤਰ ਸੋਮਨਾਥ ਅਰੋੜਾ, ਮੁੱਖ ਸਲਾਹਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਗੁਰਚਰਨ ਸਿੰਘ ਮਾਨ, ਵਰਿੰਦਰਪਾਲ ਸਿੰਘ ਅਰਨੇਜਾ ਅਤੇ ਸੁਖਦਰਸ਼ਨ ਸਿੰਘ ਗਿੱਲ ਨੇ ਵਿਦਿਆਰਥਣਾਂ ਨੂੰ ਆਪਣੇ ਜੀਵਨ ਵਿੱਚ ਸਮੇਂ ਦੀ ਪਾਬੰਦੀ ਦੀ ਪਾਲਣਾ ਕਰਨ, ਸਖ਼ਤ ਮਿਹਨਤ ਕਰਨ ਅਤੇ ਵੱਡਿਆਂ ਦਾ ਬਣਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਡਾ. ਸੰਦੀਪ ਕੁਮਾਰ ਅਤੇ ਡਾ. ਸੁਮਾਤੀ ਸੰਬਿਆਲ ਸਹਾਇਕ ਪ੍ਰੋਫੈਸਰ ਬਾਬਾ ਫਰੀਦ ਯੂਨੀਵਰਸਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਨੇ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ। ਡਾ. ਸੰਦੀਪ ਕੁਮਾਰ ਨੇ ਕਿਹਾ ਕਿ ਮੈਨੂੰ ਇਸ ਗੱਲ ਦਾ ਮਾਣ ਅਤੇ ਤਸੱਲੀ ਹੈ ਕਿ ਮੈਂ ਆਪਣੀ 10+2 ਜਮਾਤ ਕੋਟਕਪੂਰਾ ਦੇ ਸਰਕਾਰੀ ਸਕੂਲ ਤੋਂ ਚੰਗੇ ਨੰਬਰਾਂ ਵਿੱਚ ਪਾਸ ਕਰਕੇ ਇਸ ਅਹੁਦੇ 'ਤੇ ਪਹੁੰਚਿਆ ਹਾਂ। ਸਕੂਲ ਦੇ ਇੰਚਾਰਜ ਮੈਡਮ ਰਵਿੰਦਰ







ਕੌਰ, ਸਕੂਲ ਲੈਕਚਰਾਰ ਗਗਨਦੀਪ ਸਿੰਘ, ਰਣਜੋਤ ਕੌਰ, ਸੁਮਨ ਲੂਣਾ, ਮੀਨੂ ਬਾਂਸਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਵਰਗੀਆਂ ਸਮਾਜਸੇਵੀ ਸੰਸਥਾਵਾਂ ਸਰਕਾਰੀ ਸਕੂਲਾਂ ਦੀ ਬਿਹਤਰੀ ਲਈ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਆਪਣਾ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ। ਉਹਨਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿੱਚ ਬਿਹਤਰ ਇਨਸਾਨ ਬਣਨ ਲਈ ਕਿਸੇ ਵੀ ਸਖਸ਼ੀਅਤ ਨੂੰ ਪ੍ਰੇਰਨਾ ਸਰੋਤ ਮੰਨਣਾ ਚਾਹੀਦਾ ਹੈ। ਇਹ ਕਾਰਜ ਉਹਨਾਂ ਦੇ ਜੀਵਨ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਰੋਲ ਅਦਾ ਕਰੇਗਾ। ਸੁਸਾਇਟੀ ਵੱਲੋਂ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਰਵਿੰਦਰ ਕੌਰ ਅਤੇ ਸਮੂਹ ਸਟਾਫ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸਕੂਲ ਦੇ ਇੰਚਾਰਜ ਮੈਡਮ ਰਵਿੰਦਰ ਕੌਰ ਨੇ 1100 ਰੁਪਏ ਦੀ ਸਹਾਇਤਾ ਰਾਸ਼ੀ, ਸਕੂਲ ਅਧਿਆਪਕਾ ਮੈਡਮ ਅਨੀਤਾ ਅਤੇ ਉਹਨਾਂ ਦੇ ਜੀਵਨ ਸਾਥੀ ਅਧਿਆਪਕ ਆਗੂ ਸਤੇਸ਼ ਭੁੰਦੜ ਨੇ 2100 ਰੁਪਏ ਦੀ ਸਹਾਇਤਾ ਰਾਸ਼ੀ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਸੁਸਾਇਟੀ ਨੂੰ ਭੇਂਟ ਕੀਤੀ। ਸੁਸਾਇਟੀ ਦੇ ਵਿੱਤ ਸਕੱਤਰ ਮਾ. ਸੋਮਨਾਥ ਅਰੋੜਾ ਅਤੇ ਹੋਰ ਅਹੁਦੇਦਾਰਾਂ ਵੱਲੋਂ ਇਹਨਾਂ ਸਖਸ਼ੀਅਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।–

## ਮਾਤਾ ਗੁਰਦੇਵ ਕੌਰ ਗਰੇਵਾਲ ਜੀ ਦੀ ਅੰਤਿਮ ਅਰਦਾਸ ਵਿੱਚ ਸਾਬਕਾ ਮੰਤਰੀ ਜਗਦੀਸ਼ ਸਿੰਘ ਗਰਚਾ, ਮਲਕੀਤ ਸਿੰਘ ਦਾਖਾ, ਮਹੇਸ਼ਇੰਦਰ ਸਿੰਘ ਗਰੇਵਾਲ ਸਮੇਤ ਹਜ਼ਾਰਾਂ ਸੰਗਤਾਂ ਸ਼ਾਮਲ ਹੋਈਆਂ

### ਸਮੂਹ ਪਰਿਵਾਰ ਵੱਲੋਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਧੰਨਵਾਦ ਕੀਤਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 7 ਅਕਤੂਬਰ : ਕਿਰਤ ਸੱਭਿਆਚਾਰ ਨੂੰ ਸਮਰਪਿਤ ਭਜਨੀਕ ਮਾਤਾ ਜੀ ਸਰਦਾਰਨੀ ਗੁਰਦੇਵ ਕੌਰ ਨੂੰ ਸ਼ਰਧਾਂਜਲੀ ਭੇਂਟ ਤੇ ਪਰਿਵਾਰ ਵੱਲੋਂ ਧੰਨਵਾਦ ਕਰਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਮਾਤਾ ਜੀ ਕਿਰਤ ਦਾ ਸਤਿਕਾਰ ਤੇ ਸਹਿਚਾਰ ਦਾ ਸਬਕ ਉਹ ਪੇਕਿਆਂ ਤੋਂ ਹੀ ਲੈ ਕੇ ਆਏ ਸੀ। ਇਹੀ ਸਬਕ ਉਨ੍ਹਾਂ ਨੇ ਆਪਣੀ ਬੇਟੀ ਪਰਮਜੀਤ ਕੌਰ ਤੇ ਤਿੰਨ ਪੁੱਤਰਾ ਰਜਵੰਤ ਸਿੰਘ ਰਾਮ ਸਿੰਘ ਤੇ ਰਣਜੀਤ ਸਿੰਘ ਨੂੰ ਵੀ ਦਿੱਤਾ।

ਗਿਆਰਾਂ ਸਾਲ ਪਹਿਲਾਂ ਵਿੱਛੜੇ ਜੀਵਨ ਸਾਥੀ ਸ. ਮਹਿੰਦਰ ਸਿੰਘ ਗਰੇਵਾਲ ਮਗਰੋਂ ਉਨ੍ਹਾਂ ਬੱਚਿਆਂ ਨੂੰ ਮਾਂ ਤੇ ਬਾਪ ਬਣ ਕੇ ਅਗਵਾਈ ਦਿੱਤੀ। ਦੋ ਕੁ ਸਾਲ ਪਹਿਲਾਂ ਮਾਤਾ ਜੀ ਦਾ ਭਰ ਜੁਆਨ ਹੋਣਹਾਰ ਵੱਡਾ ਪੋਤਰਾ ਜਗਦੇਵ ਸਿੰਘ ਗਰੇਵਾਲ ਕਿਸੇ ਅਸਾਧ ਰੋਗ ਨਾਲ ਲੜਦਾ ਹੋਇਆ ਸਰੀਰ ਤਿਆਗ ਗਿਆ ਤਾਂ ਦਾਦੀ ਮਾਂ ਗੁਰਦੇਵ ਕੌਰ ਆਪਣੀਆਂ ਰੋਜ਼ਾਨਾ ਨਿੱਤਨੇਮ ਦੀਆਂ ਬਾਣੀਆਂ ਪੜ੍ਹਨ ਉਪਰੰਤ ਉਹ ਜਗਦੇਵ ਸਿੰਘ ਨਮਿਤ ਵੀ ਗੁਰਬਾਣੀ ਪਾਠ ਕਰਦੇ।

ਪ੍ਰੋ. ਗਿੱਲ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਸ਼ਬਦ ਗੁਰੂ ਨਾਲ ਜੁੜਨ। ਏਸੇ ਆਸ਼ੇ ਤਹਿਤ ਸ. ਮਹਿੰਦਰ ਸਿੰਘ ਗਰੇਵਾਲ ਪਰਿਵਾਰ ਨੇ ਮਾਤਾ ਜੀ ਦੀ ਯਾਦ ਨਮਿਤ ਗੁਰਬਾਣੀ ਆਧਾਰਿਤ ਗੁਰਬਖ਼ਸ਼ ਕੌਰ ਕਾਹਲੋਂ(ਅਮਰੀਕਾ) ਜੀ ਦੀ ਵਿਖੀ ਪੁਸਤਕ "ਕਥਿਉ ਅਕਥ ਕਹਾਣੀ" ਵੀ ਛਾਪ ਕੇ ਅੱਜ ਵੰਡੀ ਹੈ ਤਾਂ ਜੋ ਮਾਤਾ ਜੀ ਦੇ ਅਕੀਦੇ ਅਨੁਸਾਰ ਗੁਰਮਤਿ ਗਿਆਨ ਦਾ ਪ੍ਰਕਾਸ਼ ਵਧੇ ਅਤੇ ਮਨਾਂ ਦਾ ਹਨੇਰ ਮਿਟੇ।

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਰਾਭਾ ਨਗਰ ਵਿਖੇ ਸੱਚ ਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕੁਲਦੀਪ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਨਾਸ਼ ਸੰਗਤਾਂ ਨੂੰ ਨਿਹਾਲ ਕੀਤਾ।

ਸੰਗਤੀ ਰੂਪ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਵਾਲਿਆਂ ਵਿੱਚ ਸ. ਗੁਰਦੀਪ ਸਿੰਘ ਜੁਝਾਰ,ਪੰਜਾਬ ਦੇ ਸਾਬਕਾ ਮੰਤਰੀ ਸ. ਜਗਦੀਸ਼ ਸਿੰਘ ਗਰਚਾ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ.ਮਲਕੀਤ ਸਿੰਘ ਦਾਖਾ, ਸੰਦੇਸ਼ ਭੇਜ ਕੇ



ਸੰਵੇਦਨਾ ਪ੍ਰਗਟਾਉਣ ਵਾਲਿਆਂ ਵਿੱਚ ਸਾਬਕਾ ਮੰਤਰੀ ਸ਼੍ਰੀ ਭਾਰਤ ਭੂਸ਼ਨ ਆਸ਼ੂ,ਪੰਜਾਬ ਦੇ ਸਿਰਕੱਢ ਭਵਨ ਨਿਰਮਾਤਾ ਏ ਜੀ ਆਈ ਟਾਵਰਜ ਦੇ ਸ. ਸੁਖਦੇਵ ਸਿੰਘ,ਸੀਨੀਅਰ ਐਡਵੋਕੇਟ ਸ. ਰਾਜਵੰਤ ਸਿੰਘ ਗਹੌਰ, ਉੱਘੇ ਉਦਯੋਗਪਤੀ ਸ. ਸਰਬਜਿੰਦਰ ਸਿੰਘ ਲਾਲੀ,ਸੀਨੀਅਰ ਅਕਾਲੀ ਆਗੂ ਸ. ਮਾਨ ਸਿੰਘ ਗਰਚਾ, ਸ. ਸੁਖਦੇਵ ਸਿੰਘ ਗਰਚਾ, ਸਾਬਕਾ ਕੌਂਸਲਰ ਮਮਤਾ ਆਸ਼ੂ, ਸ. ਹਰੀ ਸਿੰਘ ਬਰਾੜ, ਵਰਤਮਾਨ ਕੌਂਸਲਰ ਸਰਾਭਾ ਨਗਰ ਅੰਮ੍ਰਿਤ ਵਰਸ਼ਾ ਰਾਮਪਾਲ, ਸੀਨੀਅਰ ਵਕੀਲ ਬਲਰਾਮ ਕੁਮਾਰ ਰਾਮਪਾਲ , ਸ. ਕੋਚਰ ਸਾਹਿਬ ਸੀਨੀਅਰ ਐਡਵੋਕੇਟ, ਸੇਵਾਮੁਕਤ ਡੀ ਸੀ ਪੀ ਐਕਸਾਈਜ ਸ. ਮਨਮੋਹਨ ਸਿੰਘ,ਸ. ਬਲਦੇਵ ਸਿੰਘ ਸਿੱਧੂ, ਏ ਈ ਟੀ ਸੀ ਸ. ਪਰਮਿੰਦਰ ਸਿੰਘ , ਗੌਰਮਿੰਟ ਮਹਿਲਾ ਕਾਲਿਜ ਲੁਧਿਆਣਾ ਦੀ ਸਾਬਕਾ ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਰੇਵਾਲ, ਸੀਅਰ ਅਕਾਲੀ ਆਗੂ ਕਮਲ ਚੇਤਲੀ, ਗੁਰਮੀਤ ਸਿੰਘ ਕੁਲਾਰ, ਦਿਲਾਵਰ ਸਿੰਘ ਲਹਿਰਾ, ਸ. ਭੁਪਿੰਦਰ ਸਿੰਘ ਭਿੰਦਾ, ਜੁਝਾਰ ਸਿੰਘ ਗਰੇਵਾਲ ਸਰਪੰਚ ਪਿੰਡ ਦਾਦ, ਲਲਤੋਂ ਦੇ ਸਾਬਕਾ ਸਰਪੰਚ ਸ. ਤਰਲੋਚਨ ਸਿੰਘ ਗਰੇਵਾਲ, ਦਾਦ ਦੇ ਸਾਬਕਾ ਸਰਪੰਚ ਸ. ਜਗਦੀਸ਼ਪਾਲ ਸਿੰਘ ਗਰੇਵਾਲ, ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ. ਅਮਰਜੀਤ ਸਿੰਘ ਟਿੱਕਾ, ਪ੍ਰਿਤਪਾਲ ਸਿੰਘ ਬਲੀਏਵਾਲ, ਸ. ਜਸਵਿੰਦਰ ਸਿੰਘ ਬਲੀਏਵਾਲ, ਸੀਨੀਅਰ ਕਾਂਗਰਸ ਆਗੂ ਗੁਰਦੇਵ ਸਿੰਘ ਲਾਪਰਾਂ, ਉੱਘੇ ਸਮਾਜਿਕ ਆਗੂ ਸ. ਹਰਮੋਹਨ ਸਿੰਘ ਗੁੱਡੂ, ਸ. ਜਸਜੀਤ ਸਿੰਘ ਨੱਤ ਯੂ ਐੱਸ ਏ, ਸ. ਗੁਰਜੀਤ ਸਿੰਘ ਢਿੱਲੋਂ ਰਾਜਪੁਰਾ, ਰੀਟਾਇਰਡ ਈ ਟੀ ਓ ਸ. ਗੁਰਦੀਪ ਸਿੰਘ ਘੁਲਾਲ, ਬਲਕੌਰ ਸਿੰਘ ਗਿੱਲ, ਸਮਾਜਿਕ ਤੇ ਸਿਆਸੀ ਆਗੂ ਅਹਿਬਾਬ ਸਿੰਘ ਗਰੇਵਾਲ, ਹਰਜੀਤ ਸਿੰਘ ਗਰੇਵਾਲ (ਬਾਵਾ)ਕਰਮਜੀਤ ਸਿੰਘ ਨਾਰੰਗਵਾਲ ਆਰਕੀਟੈਕਟ, ਮਨਜੀਤ ਸਿੰਘ ਗਰੇਵਾਲ ਲਲਤੋਂ ਖੁਰਦ ਸਮੇਤ ਸੰਗਤਾਂ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

## ਸਹਿਕਾਰੀ ਸਭਾਵਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਬਣਾਉਣ ਲਈ ਜ਼ਿਲ੍ਹਾ ਸਹਿਕਾਰੀ ਵਿਕਾਸ ਕਮੇਟੀ ਦੀ ਮੀਟਿੰਗ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ, 7 ਅਕਤੂਬਰ : ਜ਼ਿਲ੍ਹਾ ਸਹਿਕਾਰੀ ਵਿਕਾਸ ਕਮੇਟੀ ਫ਼ਰੀਦਕੋਟ ਦੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਕੇਸ਼ਵ ਗੋਇਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਭਾਰਤ ਸਰਕਾਰ ਦੇ ਸਹਿਕਾਰਤਾ ਵਿਭਾਗ ਵੱਲੋਂ ਜਾਰੀ ਹਦਾਇਤਾਂ ਤਹਿਤ ਪ੍ਰਾਇਮਰੀ ਸਹਿਕਾਰੀ ਸਭਾਵਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਅਤੇ ਬਹੁ-ਮੰਤਵੀ ਇਕਾਈਆਂ ਵਜੋਂ ਵਿਕਸਤ ਕਰਨ ਸਬੰਧੀ ਵੱਖ-ਵੱਖ ਏਜੰਡਿਆਂ ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।




ਮੀਟਿੰਗ ਦੌਰਾਨ ਦੱਸਿਆ ਗਿਆ ਕਿ ਰਾਜ ਸਹਿਕਾਰੀ ਵਿਕਾਸ ਕਮੇਟੀ ਅਤੇ ਜ਼ਿਲ੍ਹਾ ਸਹਿਕਾਰੀ ਵਿਕਾਸ ਕਮੇਟੀ ਦਾ ਗਠਨ ਪ੍ਰਾਇਮਰੀ ਸਹਿਕਾਰੀ ਸਭਾਵਾਂ ਦੀਆਂ ਗਤੀਵਿਧੀਆਂ ਨੂੰ ਹੋਰ ਵਿਸਥਾਰ ਦੇਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਬਣਾਉਣ ਦੇ ਉਦੇਸ਼ ਨਾਲ ਕੀਤਾ ਗਿਆ ਹੈ। ਇਸ ਤਹਿਤ ਸਹਿਕਾਰੀ ਸਭਾਵਾਂ ਨੂੰ ਬਹੁ-ਮੰਤਵੀ ਗਤੀਵਿਧੀਆਂ ਨਾਲ ਜੋੜਨ ਲਈ ਵੱਖ-ਵੱਖ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ।

ਮੀਟਿੰਗ ਦੌਰਾਨ ਜ਼ਿਲ੍ਹੇ ਦੀਆਂ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਵੱਲੋਂ ਅਪਣਾਏ ਮਾਡਲ ਉਪ-ਨਿਯਮ ,ਸਹਿਕਾਰੀ ਸਭਾਵਾਂ ਨੂੰ ਖੇਤੀਬਾੜੀ ਤੋਂ ਇਲਾਵਾ ਹੋਰ ਆਰਥਿਕ ਅਤੇ ਲੋਕ-ਹਿੱਤ ਗਤੀਵਿਧੀਆਂ ਨਾਲ ਜੋੜਨ ,ਸਹਿਕਾਰੀ ਸਭਾਵਾਂ ਦੇ ਕੰਪਿਊਟਰੀਕਰਨ ਅਤੇ ਸਹਿਕਾਰੀ ਸਭਾਵਾਂ ਦੇ ਕਰਮਚਾਰੀਆਂ ਨੂੰ ਸਿਖਲਾਈ ਦੇਣ ਦੀ ਪ੍ਰਕਿਰਿਆ, ਜ਼ਿਲ੍ਹੇ ਵਿੱਚ 4 ਨਵੀਆਂ ਪ੍ਰਾਇਮਰੀ ਸਹਿਕਾਰੀ ਸਭਾਵਾਂ ਸਥਾਪਿਤ ਕਰਨ ਤੋਂ ਇਲਾਵਾ ਪੰਚਾਇਤਾਂ ਵਿੱਚ ਸਹਿਕਾਰੀ ਸਹੂਲਤਾਂ ਦਾ ਵਿਸਥਾਰ ਕਰਨ ਸਬੰਧੀ ਵਿਸਥਾਰ ਸਹਿਤ ਵਿਚਾਰ ਵਟਾਂਦਰਾ ਕੀਤਾ ਗਿਆ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਕੇਸ਼ਵ ਗੋਇਲ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੇਧਾ ਸਿੰਘ ਵਾਲਾ ਦੀ ਜ਼ਮੀਨ ਦੇ ਤਬਾਦਲੇ ਸਬੰਧੀ ਲੋੜੀਂਦੀ ਮਨਜ਼ੂਰੀ ਅਤੇ ਕਾਰਵਾਈ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਦੇ ਦਫ਼ਤਰ ਨਾਲ ਤਾਲਮੇਲ ਕਰਕੇ ਜਲਦ ਮੁਕੰਮਲ ਕੀਤੀ ਜਾਵੇ, ਤਾਂ ਜੋ ਅਨਾਜ ਭੰਡਾਰਨ ਪ੍ਰੋਜੈਕਟ ਦਾ ਕੰਮ ਸਮੇਂ ਸਿਰ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪ੍ਰਾਇਮਰੀ ਸਹਿਕਾਰੀ ਸਭਾਵਾਂ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਸਾਰੇ ਵਿਭਾਗ ਆਪਸੀ ਤਾਲਮੇਲ ਨਾਲ ਕੰਮ ਕਰਨ ਅਤੇ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਯੋਜਨਾਵਾਂ ਦਾ ਲਾਭ ਸਹਿਕਾਰੀ ਸਭਾਵਾਂ ਅਤੇ ਆਮ ਲੋਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਸੁਰੇਸ਼ ਕੁਮਾਰ ਨਾਬਾਰਡ, ਲਖਵਿੰਦਰ ਸਿੰਘ ਐਮ.ਡੀ. ਕੋਆਪਰੇਟਿਵ ਸੁਸਾਇਟੀ, ਕੁਲਵੀਰ ਸਿੰਘ ਸੀਨੀਅਰ ਮੈਨੇਜਰ ਕੋਆਪਰੇਟਿਵ ਸੁਸਾਇਟੀ, ਮਨਦੀਪ ਸਿੰਘ, ਸੁਖਵੀਰ ਸਿੰਘ, ਪਰਵੇਸ਼ ਰਿਹਾਨ,ਖੁਸ਼ਦਿੱਲ, ਮਨਜੀਤ ਸਿੰਘ, ਹਰਮਨਪ੍ਰੀਤ ਸਿੰਘ ਤੋਂ ਇਲਾਵਾ ਹੋਰ ਹਾਜ਼ਰ ਸਨ।

# ਸ਼ੇਖ ਫ਼ਰੀਦ ਪ੍ਰਿੰਟ ਐਂਡ ਇਲੈਕਟ੍ਰੋਨਿਕ ਮੀਡੀਆ ਪ੍ਰੈੱਸ ਕਲੱਬ ਫਰੀਦਕੋਟ ਦੀ ਮੀਟਿੰਗ ਅਨੰਦਿਆਣਾ ਗਊਸ਼ਾਲਾ ਫਰੀਦਕੋਟ ਵਿਖੇ ਹੋਈ

## ਮੀਟਿੰਗ ਵਿੱਚ ਸਰਵਸੰਮਤੀ ਨਾਲ ਕੁਝ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਗਈ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ



ਫਰੀਦਕੋਟ:07,ਅਕਤੂਬਰ : ਪਿਛਲੇ ਦਿਨੀਂ ਸ਼ੇਖ ਫ਼ਰੀਦ ਪ੍ਰਿੰਟ ਐਂਡ ਇਲੈਕਟ੍ਰੋਨਿਕ ਮੀਡੀਆ ਪ੍ਰੈੱਸ ਕਲੱਬ ਫਰੀਦਕੋਟ ਦੀ ਚੋਣ ਸਥਾਨਕ ਦਾਣਾ ਮੰਡੀ ਫਰੀਦਕੋਟ ਵਿਖੇ ਬਾਂਸਲ ਦੀ ਆੜ੍ਹਤ (ਜੱਗਬਾਣੀ ਦਫਤਰ) ਤੇ ਹੋਈ ਸੀ ਉਸ ਵਿੱਚ ਸਰਵਸੰਮਤੀ ਨਾਲ ਕੇ.ਪੀ.ਸਿੰਘ ਸਰਾਂ ਨੂੰ ਪ੍ਰੈੱਸ ਕਲੱਬ ਦਾ ਪ੍ਰਧਾਨ, ਸ਼ਿਵਨਾਥ ਦਰਦੀ ਜਨਰਲ ਸਕੱਤਰ ਅਤੇ ਦੀਪੂ ਸਿੰਗਲਾ ਨੂੰ ਕਲੱਬ ਦਾ ਕੈਸ਼ੀਅਰ ਚੁਣਿਆ ਗਿਆ ਸੀ। ਮੀਟਿੰਗ ਵਿੱਚ ਬਾਰੇ ਸਾਰੇ ਅਧਿਕਾਰ ਨਵ ਗਠਿਤ ਪ੍ਰਧਾਨ ਕੇ.ਪੀ.ਸਿੰਘ ਸਰਾਂ ਨੂੰ ਦਿੱਤੇ ਗਏ ਸਨ। ਇਸ ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਸਥਾਨਕ ਅਨੰਦਿਆਣਾ ਗਊਸ਼ਾਲਾ ਫਰੀਦਕੋਟ ਵਿਖੇ ਕੇ.ਪੀ.ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਬਾਕੀ ਮੈਬਰਾਂ ਦੀ ਚੋਣ ਸਰਵਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਐਡਵੋਕੇਟ ਰਕੇਸ਼ ਭੁਟੇਜਾ ਪੱਤਰ ਪ੍ਰੇਰਕ ਦੈਨਿਕ ਸਵੇਰਾ ਨੂੰ ਪ੍ਰੈੱਸ ਕਲੱਬ ਦਾ ਸਰਪ੍ਰਸਤ,ਗੌਤਮ ਬਾਂਸਲ ਪੱਤਰ ਪ੍ਰੇਰਕ ਜੱਗ ਬਾਣੀ ਗਰੁੱਪ ਨੂੰ ਸੀਨੀਅਰ ਮੀਤ ਪ੍ਰਧਾਨ, ਗੁਰਵਿੰਦਰ ਸਿੰਘ ਧਨੋਆ ਪੱਤਰ ਪ੍ਰੇਰਕ ਚੜ੍ਹਦੀ ਕਲਾਂ ਨੂੰ ਸੀਨੀਅਰ ਮੀਤ ਪ੍ਰਧਾਨ, ਧਰਮ ਪ੍ਰਵਾਨਾ ਪੱਤਰ ਪ੍ਰੇਰਕ ਫਾਸਟ ਮੀਡੀਆ ਨੂੰ ਮੀਤ ਪ੍ਰਧਾਨ, ਨਾਇਬ ਰਾਜ ਸੰਪਾਦਕ ਫਰੀਦਕੋਟ ਨਿਊਜ ਚੈਨਲ-04 ਨੂੰ ਮੀਤ ਪ੍ਰਧਾਨ, ਪ੍ਰਦੀਪ ਚਾਵਲਾ ਵਿਸ਼ੇਸ ਪ੍ਰਤੀਨਿਧ ਜੱਗ ਬਾਣੀ ਗਰੁੱਪ ਨੂੰ ਮੁੱਖ ਸਲਾਹਕਾਰ, ਰਵੀ ਬਾਂਸਲ ਪੱਤਰ ਪ੍ਰੇਰਕ ਜੱਗ ਬਾਣੀ ਗਰੁੱਪ ਨੂੰ ਜੁਆਇੰਟ ਸਕੱਤਰ, ਪੰਡਿਤ ਪ੍ਰਮੋਦ (ਆਈਮਾ ਮੀਡੀਆ)ਨੂੰ ਪੀ.ਆਰ.ਓ ਅਤੇ ਪ੍ਰਤੀਕ ਸੇਠੀ ਪੱਤਰ ਪ੍ਰੇਰਕ ਵੰਦੇ ਭਾਰਤ ਨੂੰ ਜੁਆਇੰਟ ਪੀ ਆਰ ਓ ਦੇ ਅਹੁਦੇ ਦੇ ਕੇ ਨਿਵਾਜਿਆ ਗਿਆ। ਅੰਤ ਵਿੱਚ ਸੀਨੀਅਰ ਮੈਂਬਰ ਨਾਇਬ ਰਾਜ ਨੇ ਪ੍ਰਧਾਨ ਕੇ.ਪੀ ਸਿੰਘ ਸਰਾਂ ਅਤੇ ਜਰਨਲ ਸਕੱਤਰ ਸ਼ਿਵਨਾਥ ਦਰਦੀ ਦਾ ਮੂੰਹ ਮਿੱਠਾ ਲੱਡੂਆਂ ਨਾਲ ਕਰਵਾਇਆ ਤੇ ਸਾਰਿਆ ਨੂੰ ਲੱਡੂ ਵੰਡੇ ਗਏ। ਕੇ.ਪੀ.ਸਿੰਘ ਸਰਾਂ ਨੇ ਦੱਸਿਆ ਦੁਸਹਿਰੇ/ ਦਿਵਾਲੀ ਦੇ ਪਵਿੱਤਰ ਤਿਉਹਾਰ ਤੋ ਪਹਿਲਾ ਪ੍ਰੈੱਸ ਕਲੱਬ ਦੀ ਮੀਟਿੰਗ ਰੱਖੀ ਜਾਵੇਗੀ ਜਿਸ ਵਿੱਚ ਹੋਰ ਮੈਬਰਾਂ ਨੂੰ ਲੈਣ ਬਾਰੇ ਅਤੇ ਕਲੱਬ ਦਾ ਸੰਵਿਧਾਨ ਤਿਆਰ ਕੀਤਾ ਜਾਵੇਗਾ। ਸ਼ੇਖ ਫ਼ਰੀਦ ਪ੍ਰਿੰਟ ਐਂਡ ਇਲੈਕਟ੍ਰੋਨਿਕ ਮੀਡੀਆ ਪ੍ਰੈੱਸ ਕਲੱਬ ਫਰੀਦਕੋਟ ਦੀ ਇਹ ਚੋਣ 31/12/2027 ਤੱਕ ਕੀਤੀ ਗਈ ਹੈ। ਸਰਾਂ ਨੇ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਅਪੀਲ ਕੀਤੀ ਕਿ ਮੀਟਿੰਗ ਵਿੱਚ ਨਿਰਧਾਰਿਤ ਸਮੇਂ ਤੇ ਪਹੁੰਚਣ ਦੀ ਕਿਰਪਾਲਾ ਕਰਿਆ ਕਰਨ।

-ਸ਼ੇਖ ਫ਼ਰੀਦ ਪ੍ਰਿੰਟ ਐਂਡ ਇਲੈਕਟ੍ਰੋਨਿਕ ਮੀਡੀਆ ਪ੍ਰੈੱਸ ਕਲੱਬ ਫਰੀਦਕੋਟ ਦੀ ਮੀਟਿੰਗ ਅਨੰਦਿਆਣਾ ਗਊਸ਼ਾਲਾ ਫਰੀਦਕੋਟ ਵਿਖੇ ਹੋਈ

# ਪਰਾਲੀ ਸਾੜਨ ਤੋਂ ਰੋਕਣ ਲਈ ਲੁਧਿਆਣਾ ਜ਼ਿਲ੍ਹੇ ਵਿੱਚ ਵਿਆਪਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ

## *ਲੁਧਿਆਣਾ ਜ਼ਿਲ੍ਹੇ ਵਿੱਚ 80 ਪਿੰਡ ਪੱਧਰੀ ਅਤੇ 2 ਬਲਾਕ ਪੱਧਰੀ ਜਾਗਰੂਕਤਾ ਕੈਂਪ ਲਗਾਏ ਜਾ ਚੁੱਕੇ ਹਨ*

## *3 ਜਾਗਰੂਕਤਾ ਵੈਨਾਂ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹੁੰਚਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਕਰ ਰਹੀਆਂ ਹਨ ਜਾਗਰੂਕ*

## *ਇਸ ਸਾਲ ਕਿਸਾਨਾਂ ਵੱਲੋਂ ਸਬਸਿਡੀ ’ਤੇ 1,350 ਸੀ.ਆਰ.ਐਮ. ਮਸ਼ੀਨਾਂ ਦੀ ਖਰੀਦ ਕੀਤੀ*

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 7 ਅਕਤੂਬਰ: ਝੋਨੇ ਦੀ ਪਰਾਲੀ ਸਾੜਨ ਤੋਂ ਰੋਕਣ, ਕਿਸਾਨਾਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਅਤੇ ਵਿਗਿਆਨਕ ਢੰਗ ਨਾਲ ਫਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹਾ ਲੁਧਿਆਣਾ ਵਿੱਚ ਵਿਆਪਕ ਸੂਚਨਾ, ਸਿੱਖਿਆ ਅਤੇ ਸੰਚਾਰ (ਆਈ.ਈ.ਸੀ) ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਕਿਸਾਨਾਂ ਨੂੰ ਪਰਾਲੀ ਦੇ ਟਿਕਾਊ ਪ੍ਰਬੰਧਨ ਅਤੇ ਖੇਤਾਂ ਵਿੱਚ ਹੀ ਇਸ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੁਹਿੰਮ ਤਹਿਤ ਹੁਣ ਤੱਕ ਜ਼ਿਲ੍ਹੇ ਵਿੱਚ 80 ਪਿੰਡ ਪੱਧਰੀ ਅਤੇ 2 ਬਲਾਕ ਪੱਧਰੀ ਜਾਗਰੂਕਤਾ ਕੈਂਪ ਲਗਾਏ ਜਾ ਚੁੱਕੇ ਹਨ। ਇਸ ਤੋਂ ਇਲਾਵਾ 3 ਜਾਗਰੂਕਤਾ ਵੈਨਾਂ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹੁੰਚ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਆਧੁਨਿਕ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ ਅਪਣਾਉਣ ਲਈ ਜਾਗਰੂਕ ਕਰ ਰਹੀਆਂ ਹਨ।

ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਹੋ ਰਹੀ ਵੱਧ ਤੋਂ ਵੱਧ ਸ਼ਮੂਲੀਅਤ ਦੌਰਾਨ ਪਰਾਲੀ ਸਾੜਨ ਤੋਂ ਰੋਕਣ ਅਤੇ ਕਿਸਾਨਾਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ 110 ਜਾਗਰੂਕਤਾ ਬੈਨਰ ਲਗਾਏ ਗਏ ਹਨ। ਇਸੇ ਤਰ੍ਹਾਂ ਲਗਭਗ 10,000 ਪੈਂਫਲੇਟ ਵੰਡੇ ਜਾ ਚੁੱਕੇ ਹਨ ਅਤੇ 5,000 ਵਟਸਐਪ ਜਾਗਰੂਕਤਾ ਸੁਨੇਹਿਆਂ ਰਾਹੀਂ ਵੀ ਕਿਸਾਨਾਂ ਤੱਕ ਪਰਾਲੀ ਪ੍ਰਬੰਧਨ ਸਬੰਧੀ ਮਹੱਤਵਪੂਰਨ ਜਾਣਕਾਰੀ ਪਹੁੰਚਾਈ ਗਈ ਹੈ। ਲਗਭਗ 200




ਗੁਰਦੁਆਰਿਆਂ ਵਿੱਚ ਜਾਗਰੂਕਤਾ ਘੋਸ਼ਣਾਵਾਂ ਕਰਵਾਕੇ ਲੋਕਾਂ ਨੂੰ ਪਰਾਲੀ ਸਾੜਨ ਦੀ ਪ੍ਰਥਾ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੁਹਿੰਮ ਦੇ ਨਤੀਜੇ ਵਜੋਂ ਕਿਸਾਨ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ) ਮਸ਼ੀਨਰੀ ਨੂੰ ਅਪਣਾਉਣ ਵੱਲ ਵੀ ਉਤਸ਼ਾਹਿਤ ਹੋ ਰਹੇ ਹਨ। ਇਸ ਸਾਲ ਕਿਸਾਨਾਂ ਵੱਲੋਂ ਸਬਸਿਡੀ ਅਧੀਨ 1,350 ਸੀ.ਆਰ.ਐਮ ਮਸ਼ੀਨਾਂ ਖਰੀਦੀਆਂ ਗਈਆਂ ਹਨ, ਜਿਸ ’ਤੇ ਲਗਭਗ 20 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ ਹੈ। ਇਹ ਮਸ਼ੀਨਰੀ ਪਰਾਲੀ ਨੂੰ ਖੇਤ ਵਿੱਚ ਹੀ ਸੰਭਾਲਣ ਅਤੇ ਇਸ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

ਇਸੇ ਲੜੀ ਨੂੰ ਹੋਰ ਮਜ਼ਬੂਤ ਕਰਦਿਆਂ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਟਿਕਾਊ ਅਤੇ ਵਾਤਾਵਰਣ ਪੱਖੀ ਵਿਕਲਪ ਅਪਣਾਉਣ ਲਈ ਪ੍ਰੇਰਿਤ ਕਰਨ ਵਾਸਤੇ 9 ਅਕਤੂਬਰ ਨੂੰ ਰਾਏਕੋਟ ਵਿਖੇ ਜ਼ਿਲ੍ਹਾ ਪੱਧਰੀ ਜਾਗਰੂਕਤਾ ਮੁਹਿੰਮ ਕਰਵਾਈ ਜਾ ਰਹੀ ਹੈ। ਇਸ ਦੌਰਾਨ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੀਆਂ ਵਿਗਿਆਨਕ ਤਕਨੀਕਾਂ, ਉਪਲਬਧ ਮਸ਼ੀਨਰੀ ਅਤੇ ਇਸ ਦੇ ਪ੍ਰਭਾਵਸ਼ਾਲੀ ਉਪਯੋਗ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

# ਗੁਰੂ ਰਵਿਦਾਸ ਜੀ ਦਾ 650ਵਾਂ ਜਨਮ ਦਿਹਾੜਾ ਅਤੇ ਸਮਾਜ ਕਿਥੇ ਖੜ੍ਹਾ ਹੈ ?

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਬੁਢਲਾਡਾ



ਸਿਰਫ਼ ਜਸ਼ਨ ਜਾਂ ਕੋਈ ਇਤਿਹਾਸਕ ਜ਼ਿੰਮੇਵਾਰੀ ਵੀ?
ਗੁਰੂ ਰਵਿਦਾਸ ਜੀ ਦਾ 650ਵਾਂ ਜਨਮ ਦਿਹਾੜਾ 2027 ਵਿੱਚ ਮਨਾਇਆ ਜਾ ਰਿਹਾ ਹੈ। ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਰਕਾਰਾਂ, ਧਾਰਮਿਕ ਸੰਸਥਾਵਾਂ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਇਸ ਇਤਿਹਾਸਕ ਮੌਕੇ ਨੂੰ ਵੱਡੇ ਪੱਧਰ ’ਤੇ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਇਹ ਚੰਗੀ ਗੱਲ ਹੈ।
ਪਰ ਇੱਕ ਸਵਾਲ ਸਾਡੇ ਆਪਣੇ ਸਮਾਜ ਦੇ ਸਾਹਮਣੇ ਵੀ ਖੜ੍ਹਾ ਹੈ—
ਇਸ ਇਤਿਹਾਸਕ ਮੌਕੇ ’ਤੇ ਸਾਡੀ ਆਪਣੀ ਭੂਮਿਕਾ ਕੀ ਹੈ?
ਕੀ 650ਵਾਂ ਜਨਮ ਦਿਹਾੜਾ ਵੀ ਸਿਰਫ਼ ਵੱਡੇ ਸਮਾਗਮਾਂ, ਨਗਰ ਕੀਰਤਨਾਂ, ਮੰਚਾਂ, ਲੰਗਰਾਂ ਅਤੇ ਭਾਸ਼ਣਾਂ ਤੱਕ ਹੀ ਸੀਮਤ ਰਹੇਗਾ ਜਾਂ ਅਸੀਂ ਇਸ ਮੌਕੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਕੋਈ ਪੱਕੀ ਵਿਰਾਸਤ ਛੱਡਣ ਵਾਸਤੇ ਵਰਤਾਂਗੇ?
ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 600ਵਾਂ ਅਸੀਂ ਨਹੀਂ ਮਨਾ ਸਕੇ।
ਅੱਜ ਤੋਂ 50 ਸਾਲ ਬਾਅਦ 700ਵਾਂ ਜਨਮ ਦਿਹਾੜਾ ਆਵੇਗਾ। ਉਸ ਵੇਲੇ ਅੱਜ ਦੇ ਬਹੁਤ ਸਾਰੇ ਨੌਜਵਾਨ ਬਜ਼ੁਰਗ ਹੋ ਚੁੱਕੇ ਹੋਣਗੇ ਅਤੇ ਅੱਜ ਦੇ ਬੱਚਿਆਂ ਦੀ ਅਗਲੀ ਪੀੜ੍ਹੀ ਉਸ ਸਮੇਂ ਸਮਾਜ ਦੀ ਅਗਵਾਈ ਕਰ ਰਹੀ ਹੋਵੇਗੀ। 700ਵਾਂ ਸ਼ਾਇਦ ਸਾਡੇ ਵਿੱਚੋਂ ਬਹੁਤ ਸਾਰੇ ਦੇਖ ਵੀ ਨਹੀਂ ਸਕਣਗੇ ।
ਇਸ ਲਈ 650ਵਾਂ ਸਿਰਫ਼ ਇੱਕ ਸਾਲ ਦਾ ਜਸ਼ਨ ਹੀ ਨਹੀਂ। ਇਹ ਸਾਡੇ ਕੋਲ ਆਪਣੇ ਸਮਾਜ ਲਈ ਕੁਝ ਅਜਿਹਾ ਕਰਨ ਦਾ ਮੌਕਾ ਹੈ, ਜਿਸਨੂੰ ਅਗਲੀ ਪੀੜ੍ਹੀ ਵੀ ਯਾਦ ਕਰੇ।
ਅੱਜ ਸਾਡੇ ਕੋਲ ਉਹ ਸਭ ਕੁਝ ਹੈ ਜੋ ਪਹਿਲਾਂ ਨਹੀਂ ਸੀ
ਲਗਭਗ 50 ਸਾਲ ਪਹਿਲਾਂ ਸਾਡੇ ਸਮਾਜ ਵਿੱਚ ਅੱਜ ਜਿੰਨੀ ਸਮਾਜਿਕ ਚੇਤਨਾ ਨਹੀਂ ਸੀ। ਨਾ ਮੋਬਾਈਲ ਸਨ, ਨਾ ਇੰਟਰਨੈੱਟ, ਨਾ ਸੋਸ਼ਲ ਮੀਡੀਆ ਅਤੇ ਨਾ ਹੀ ਡਿਜ਼ੀਟਲ ਲਾਇਬ੍ਰੇਰੀਆਂ।
ਅੱਜ ਸਥਿਤੀ ਬਿਲਕੁਲ ਵੱਖਰੀ ਹੈ।
ਸਾਡੇ ਬੱਚੇ ਉੱਚੀਆਂ ਪੜ੍ਹਾਈਆਂ ਕਰ ਰਹੇ ਹਨ। ਸਾਡੇ ਸਮਾਜ ਵਿੱਚ ਅਧਿਆਪਕ, ਪ੍ਰੋਫੈਸਰ, ਡਾਕਟਰ, ਵਕੀਲ, ਇੰਜੀਨੀਅਰ, ਅਧਿਕਾਰੀ ਅਤੇ ਹੋਰ ਬਹੁਤ ਸਾਰੇ ਪੜ੍ਹੇ-ਲਿਖੇ ਲੋਕ ਹਨ। ਰਿਟਾਇਰ ਹੋਏ ਲੋਕਾਂ ਕੋਲ ਤਜਰਬਾ ਹੈ ਅਤੇ ਨੌਜਵਾਨਾਂ ਕੋਲ ਤਕਨਾਲੋਜੀ ਤੇ ਨਵੀਂ ਸੋਚ ਹੈ।
ਫਿਰ ਸਵਾਲ ਇਹ ਹੈ ਕਿ ਇਹ ਸਾਰੀ ਪੜ੍ਹਾਈ, ਯੋਗਤਾ ਅਤੇ ਤਜਰਬਾ ਸਮਾਜ ਦੇ ਸਾਂਝੇ ਕੰਮ ਕਦੋਂ ਆਵੇਗਾ?
ਅਸੀਂ ਅਕਸਰ ‘ਬੇਗ਼ਮਪੁਰਾ’ ਦੀ ਗੱਲ ਕਰਦੇ ਹਾਂ। ਭਾਸ਼ਣਾਂ ਵਿੱਚ ‘ਬੇਗ਼ਮਪੁਰਾ’ ਦਾ ਜ਼ਿਕਰ ਹੁੰਦਾ ਹੈ। ਲੇਖਾਂ ਵਿੱਚ ‘ਬੇਗ਼ਮਪੁਰਾ’ ਦਾ ਸੁਪਨਾ ਲਿਖਿਆ ਜਾਂਦਾ ਹੈ।
ਪਰ ਸਵਾਲ ਇਹ ਹੈ—
‘ਬੇਗ਼ਮਪੁਰਾ’ ਬਣਾਉਣ ਵੱਲ ਸਾਡੇ ਸਾਂਝੇ ਕਦਮ ਕਿਥੇ ਹਨ?
ਜੇ ਬੇਗ਼ਮਪੁਰਾ ਸਿਰਫ਼ ਭਾਸ਼ਣਾਂ ਦਾ ਵਿਸ਼ਾ ਰਹਿ ਗਿਆ ਤਾਂ ਇਹ ਸਿਰਫ਼ ਇੱਕ ਸੁੰਦਰ ਕਲਪਨਾ ਬਣ ਕੇ ਰਹਿ ਜਾਵੇਗਾ।
ਬੇਗ਼ਮਪੁਰਾ ਦੀ ਸੋਚ ਨੂੰ ਅਮਲ ਵਿੱਚ ਲਿਆਉਣ ਲਈ ਸਿੱਖਿਆ, ਬਰਾਬਰੀ, ਰੁਜ਼ਗਾਰ, ਖੋਜ, ਸਮਾਜਿਕ ਸੰਗਠਨ ਅਤੇ ਨੌਜਵਾਨਾਂ ਦੀ ਅਗਵਾਈ ਉੱਤੇ ਕੰਮ ਕਰਨਾ ਪਵੇਗਾ।
ਪ੍ਰੋਗ੍ਰਾਮਾ ਵਿੱਚ ਸਟੇਜਾਂ ਤੇ ਗੀਤਾਂ ਵਿੱਚ ਬੇਗ਼ਮਪੁਰਾ ਬਸਾਉਣ ਦੀਆਂ ਡੀਂਗਾਂ ਮਾਰਨ ਵਾਲੇ ਅੱਜ ਦੂਰ ਦੂਰ ਨਜਰ ਨਹੀਂ ਆ ਰਹੇ, ਜਦੋਂ ਕਿ ਦਿਨ ਬੜੇ ਥੋੜੇ ਰਹਿ ਗਏ ਹਨ?
ਇੱਥੇ ਸੰਤ ਸਮਾਜ ਦੀ ਭੂਮਿਕਾ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ।
ਗੁਰੂ ਰਵਿਦਾਸ ਜੀ ਦੇ ਦੇਸ਼ ਵਿਦੇਸ਼ ਵਸਦੇ ਸ਼ਰਧਾਲੂਆਂ ਦੀ ਕਮਾਈ ਵੱਡੇ ਪੱਧਰ ਤੇ ਦਾਨ ਦੇ ਰੂਪ ਵਿੱਚ ਡੇਰਿਆਂ ਵਿੱਚ ਆਉਂਦੀ ਹੈ, ਕੀ ਸੰਤ ਸਮਾਜ ਇਕੱਠੇ ਹੋਕੇ ਆਪਣੇ ਤੌਰ ਤੇ 650ਵੇਂ ਜਨਮ ਦਿਨ ਤੇ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ?
ਗੁਰੂ ਰਵਿਦਾਸ ਜੀ ਦੇ ਨਾਮ ’ਤੇ ਸੰਗਤ ਦੀ ਸ਼ਰਧਾ ਨਾਲ ਇਕੱਠੇ ਹੋਣ ਵਾਲੇ ਸਰੋਤਾਂ ਵਿੱਚੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੀ ਸਥਾਈ ਯੋਜਨਾ ਬਣ ਰਿਹਾ ਹੈ?
ਸੰਤ ਸਮਾਜ 650ਵੇਂ ਜਨਮ ਦਿਨ ਤੇ ਸੰਗਤ ਦੇ ਪੈਸੇ ਨਾਲ ਗੁਰੂ ਰਵਿਦਾਸ ਜੀ ਵਿਚਾਰਧਾਰਾ ਅੱਗੇ ਲਿਜਾਣ ਦਾ ਕੀ ਪ੍ਰੋਗਰਾਮ ਹੈ?
ਇਹ ਸਵਾਲ ਕਿਸੇ ਦੀ ਸ਼ਰਧਾ ’ਤੇ ਸਵਾਲ ਨਹੀਂ ਹੈ। ਇਹ ਸਾਂਝੇ ਸਰੋਤਾਂ ਦੀ ਸਮਾਜਕ ਵਰਤੋਂ ਦਾ ਸਵਾਲ ਹੈ।
ਜੇ ਸੰਗਤ ਆਪਣੀ ਸ਼ਰਧਾ ਨਾਲ ਕੁਝ ਦਿੰਦੀ ਹੈ ਤਾਂ ਸੰਗਤ ਨੂੰ ਇਹ ਜਾਣਨ ਦਾ ਜਾਨਣਾ ਕੋਈ ਅਤਕਥਨੀ ਨਹੀਂ ਹੈ ਕਿ ਉਸ ਨਾਲ ਸਮਾਜ ਲਈ ਕਿਹੜਾ ਪੱਕਾ ਕੰਮ ਹੋ ਰਿਹਾ ਹੈ।
ਸਮਾਗਮਾਂ ਤੋਂ ਅੱਗੇ ਵਧਣ ਦੀ ਲੋੜ ਹੈ , ਸਮਾਗਮ ਜ਼ਰੂਰੀ ਹਨ। ਉਹ ਸਾਨੂੰ ਇਕੱਠਾ ਕਰਦੇ ਹਨ ਅਤੇ ਸਾਡੀ ਵਿਰਾਸਤ ਨਾਲ ਜੋੜਦੇ ਹਨ।
ਪਰ ਸਮਾਗਮ ਇੱਕ ਦਿਨ ਦਾ ਹੁੰਦਾ ਹੈ, ਸਿੱਖਿਆ ਦਾ ਲਾਭ ਪੀੜ੍ਹੀਆਂ ਤੱਕ ਜਾਂਦਾ ਹੈ।
ਇੱਕ ਲੰਗਰ ਇੱਕ ਦਿਨ ਦੀ ਭੁੱਖ ਮਿਟਾ ਸਕਦਾ ਹੈ, ਪਰ ਇੱਕ ਬੱਚੇ ਦੀ ਪੜ੍ਹਾਈ ਉਸ ਦੀ ਪੂਰੀ ਜ਼ਿੰਦਗੀ ਬਦਲ ਸਕਦੀ ਹੈ।
ਇੱਕ ਵੱਡਾ ਮੰਚ ਹਜ਼ਾਰਾਂ ਲੋਕਾਂ ਨੂੰ ਇਕੱਠਾ ਕਰ ਸਕਦਾ ਹੈ, ਪਰ ਇੱਕ ਚੰਗੀ ਕਿਤਾਬ ਲੱਖਾਂ ਲੋਕਾਂ ਦੀ ਸੋਚ ਬਦਲ ਸਕਦੀ ਹੈ।
ਇਸ ਲਈ 650ਵੇਂ ਜਨਮ ਦਿਹਾੜੇ ਮੌਕੇ ਸਾਨੂੰ ਦੋਵੇਂ ਕੰਮ ਕਰਨੇ ਚਾਹੀਦੇ ਹਨ—ਜਸ਼ਨ ਵੀ ਅਤੇ ਨਿਰਮਾਣ ਵੀ।
ਮੇਰਾ ਸੁਝਾਅ ਹੈ ਕਿ ਇਸ ਮੌਕੇ ਨੂੰ ਇੱਕ ਸੰਗਠਿਤ ਅਤੇ ਲੰਮੇ ਸਮੇਂ ਦੇ ਸਮਾਜਿਕ ਪ੍ਰੋਗਰਾਮ ਦੀ ਸ਼ੁਰੂਆਤ ਬਣਾਇਆ ਜਾਵੇ।

ਗੁਰੂ ਰਵਿਦਾਸ ਗਿਆਨ ਤੇ ਸਮਾਜ ਵਿਕਾਸ ਮੰਚ (ਜਿਵੇਂ ਵੀ ਸਹਿਮਤੀ ਬਣੇ)
ਇੱਕ ਗੈਰ-ਸਿਆਸੀ ਅਤੇ ਗੈਰ-ਮੁਨਾਫ਼ਾ ਮੰਚ ਬਣੇ, ਜਿਸ ਵਿੱਚ ਅਧਿਆਪਕ, ਪ੍ਰੋਫੈਸਰ, ਡਾਕਟਰ, ਵਕੀਲ, ਇੰਜੀਨੀਅਰ, ਅਧਿਕਾਰੀ, ਰਿਟਾਇਰਡ ਕਰਮਚਾਰੀ, ਖੋਜਕਰਤਾ, ਲੇਖਕ ਅਤੇ ਸਮਾਜ ਦੇ ਹੋਰ ਯੋਗ ਲੋਕ ਸ਼ਾਮਲ ਹੋਣ।
ਸ਼ੁਰੂਆਤ ਵੱਡੀ ਗਿਣਤੀ ਨਾਲ ਨਹੀਂ, 100 ਗੰਭੀਰ ਅਤੇ ਕੰਮ ਕਰਨ ਵਾਲੇ (ਜਾ ਵੱਧ ਘੱਟ) ਲੋਕਾਂ ਨਾਲ ਵੀ ਹੋ ਸਕਦੀ ਹੈ।
ਰਿਟਾਇਰਡ ਲੋਕਾਂ ਦੀ ਮਾਰਗਦਰਸ਼ਕ ਇਕ ਮਜਬੂਤ ਸਗੰਠਨ ਬਣੇ ।
ਰਿਟਾਇਰ ਹੋਏ ਅਧਿਕਾਰੀਆਂ ਅਤੇ ਕਰਮਚਾਰੀਆਂ ਕੋਲ ਲੰਮਾ ਤਜਰਬਾ ਹੈ। ਉਨ੍ਹਾਂ ਨੂੰ ਸਨਮਾਨਿਤ ਕਰਨ ਦੇ ਨਾਲ ਨਾਲ ਨੌਜਵਾਨਾਂ ਦੇ ਮਾਰਗਦਰਸ਼ਕ ਵਜੋਂ ਜੋੜਿਆ ਜਾਵੇ।
ਉਹ ਨੌਜਵਾਨਾਂ ਨੂੰ ਪੜ੍ਹਾਈ, ਮੁਕਾਬਲੇ ਦੀਆਂ ਪ੍ਰੀਖਿਆਵਾਂ, ਨੌਕਰੀ, ਪ੍ਰਸ਼ਾਸਨ ਅਤੇ ਜੀਵਨ ਦੇ ਤਜਰਬੇ ਬਾਰੇ ਸੇਧ ਦੇ ਸਕਦੇ ਹਨ।
ਗੁਰੂ ਰਵਿਦਾਸ ਡਿਜ਼ੀਟਲ ਲਾਇਬ੍ਰੇਰੀ-
ਗੁਰੂ ਰਵਿਦਾਸ ਜੀ ਦੀ ਬਾਣੀ, ਭਰੋਸੇਯੋਗ ਕਿਤਾਬਾਂ, ਇਤਿਹਾਸਕ ਦਸਤਾਵੇਜ਼, ਖੋਜ-ਲੇਖ, ਆਡੀਓ ਅਤੇ ਵੀਡੀਓ ਸਮੱਗਰੀ ਨੂੰ ਇੱਕ ਥਾਂ ਇਕੱਠਾ ਕੀਤਾ ਜਾਵੇ।
ਇਹ ਅਜਿਹਾ ਗਿਆਨ-ਭੰਡਾਰ ਹੋਵੇ ਜੋ ਅੱਜ ਦਾ ਵਿਦਿਆਰਥੀ ਹੀ ਨਹੀਂ, 700ਵੇਂ ਜਨਮ ਦਿਹਾੜੇ ਵਾਲੀ ਪੀੜ੍ਹੀ ਵੀ ਵਰਤ ਸਕੇ।
ਹਰ ਸਾਲ 100 ਵਿਦਿਆਰਥੀਆਂ ਦੀ ਜ਼ਿੰਮੇਵਾਰੀ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਲਈ ਵਜ਼ੀਫ਼ੇ, ਕਰੀਅਰ ਮਾਰਗਦਰਸ਼ਨ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਸਹਾਇਤਾ ਦਿੱਤੀ ਜਾਵੇ।
ਇੱਕ ਸਾਲ ਵਿੱਚ 100 ਬੱਚਿਆਂ ਤੋਂ ਸ਼ੁਰੂਆਤ ਹੋਵੇ। ਇਹ ਗਿਣਤੀ ਹੌਲੀ-ਹੌਲੀ ਵਧਾਈ ਜਾ ਸਕਦੀ ਹੈ।
“ਇੱਕ ਪਰਿਵਾਰ—ਇੱਕ ਵਿਦਿਆਰਥੀ”
ਜਿਹੜਾ ਪਰਿਵਾਰ ਸਮਰੱਥ ਹੈ, ਉਹ ਇੱਕ ਲੋੜਵੰਦ ਬੱਚੇ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਲਵੇ।
ਜੇ ਹਜ਼ਾਰਾਂ ਪਰਿਵਾਰ ਇਹ ਛੋਟੀ ਜਿਹੀ ਜ਼ਿੰਮੇਵਾਰੀ ਲੈ ਲੈਣ ਤਾਂ ਸਮਾਜ ਵਿੱਚ ਵੱਡਾ ਬਦਲਾਅ ਆ ਸਕਦਾ ਹੈ।
ਬੇਗ਼ਮਪੁਰਾ ਵਿਚਾਰ ਸੰਮੇਲਨ
ਹਰ ਸਾਲ ਇੱਕ ਅਜਿਹਾ ਸੰਮੇਲਨ ਹੋਵੇ ਜਿਸ ਵਿੱਚ ਸਿਰਫ਼ ਭਾਸ਼ਣ ਨਾ ਹੋਣ, ਸਗੋਂ ਸਿੱਖਿਆ, ਜਾਤ-ਪਾਤ, ਬਰਾਬਰੀ, ਨੌਜਵਾਨਾਂ, ਔਰਤਾਂ, ਵਿਗਿਆਨਕ ਸੋਚ, ਰੁਜ਼ਗਾਰ ਅਤੇ ਆਰਥਿਕ ਮਜ਼ਬੂਤੀ ਵਰਗੇ ਮਸਲਿਆਂ ’ਤੇ ਵਿਚਾਰ ਕਰਕੇ ਲਿਖਤੀ ਫ਼ੈਸਲੇ ਅਤੇ ਅਗਲੇ ਸਾਲ ਦੇ ਟੀਚੇ ਤੈਅ ਕੀਤੇ ਜਾਣ।
“650 ਤੋਂ 700” ਦਾ 50 ਸਾਲਾ ਰੋਡਮੈਪ
650ਵੇਂ ਤੋਂ 700ਵੇਂ ਜਨਮ ਦਿਹਾੜੇ ਤੱਕ ਦਾ ਇੱਕ ਲੰਮਾ ਪ੍ਰੋਗਰਾਮ ਬਣਾਇਆ ਜਾਵੇ।
ਇਸ ਵਿੱਚ ਸਿੱਖਿਆ, ਖੋਜ, ਸਾਹਿਤ, ਡਿਜ਼ੀਟਲ ਗਿਆਨ, ਨੌਜਵਾਨਾਂ ਦੀ ਤਿਆਰੀ ਅਤੇ ਸਮਾਜਿਕ-ਆਰਥਿਕ ਮਜ਼ਬੂਤੀ ਦੇ ਸਪਸ਼ਟ ਟੀਚੇ ਹੋਣ।
ਹਰ ਸਾਲ ਜਨਤਕ ਹਿਸਾਬ
ਜਿਹੜੀ ਸੰਸਥਾ ਸਮਾਜ ਲਈ ਕੰਮ ਕਰਦੀ ਹੈ, ਉਹ ਹਰ ਸਾਲ ਦੱਸੇ ਕਿ—
ਕਿੰਨੇ ਵਿਦਿਆਰਥੀਆਂ ਦੀ ਮਦਦ ਕੀਤੀ?
ਕਿੰਨੀਆਂ ਵਜ਼ੀਫ਼ੇ ਦਿੱਤੇ?
ਕਿੰਨੇ ਖੋਜ ਕਾਰਜ ਹੋਏ?
ਕਿੰਨੀਆਂ ਕਿਤਾਬਾਂ ਜਾਂ ਡਿਜ਼ੀਟਲ ਸਮੱਗਰੀ ਤਿਆਰ ਹੋਈ?
ਕਿੰਨੇ ਨੌਜਵਾਨਾਂ ਨੂੰ ਮਾਰਗਦਰਸ਼ਨ ਮਿਲਿਆ?
ਕਿੰਨਾ ਪੈਸਾ ਆਇਆ ਅਤੇ ਕਿੱਥੇ ਖਰਚ ਹੋਇਆ?
ਪਾਰਦਰਸ਼ਤਾ ਹੀ ਭਰੋਸੇ ਦੀ ਨੀਂਹ ਹੈ।
ਪਹਿਲੇ 90 ਦਿਨਾਂ ਵਿੱਚ ਸ਼ੁਰੂਆਤ ਕਿਵੇਂ ਹੋ ਸਕਦੀ ਹੈ?
ਪਹਿਲੇ 30 ਦਿਨ:
10–15 ਮੈਂਬਰਾਂ ਦੀ ਅੰਤਰਿਮ ਟੀਮ ਬਣੇ, 100 ਪੜ੍ਹੇ-ਲਿਖੇ ਲੋਕਾਂ ਨਾਲ ਸੰਪਰਕ ਕੀਤਾ ਜਾਵੇ ਅਤੇ ਮੰਚ ਦੇ ਉਦੇਸ਼ ਤੇ ਨਿਯਮ ਤੈਅ ਕੀਤੇ ਜਾਣ।
31 ਤੋਂ 60 ਦਿਨ:
ਜ਼ਿਲ੍ਹਾ ਪੱਧਰ ’ਤੇ ਸਹਿਯੋਗੀ ਬਣਾਏ ਜਾਣ, ਡਿਜ਼ੀਟਲ ਪਲੇਟਫਾਰਮ ਤਿਆਰ ਕੀਤਾ ਜਾਵੇ ਅਤੇ ਰਿਟਾਇਰਡ ਮਾਰਗਦਰਸ਼ਕ ਮੰਡਲੀ ਬਣਾਈ ਜਾਵੇ।
61 ਤੋਂ 90 ਦਿਨ:
ਪਹਿਲਾ ਬੇਗ਼ਮਪੁਰਾ ਵਿਚਾਰ ਸੰਮੇਲਨ ਕਰਵਾਇਆ ਜਾਵੇ ਅਤੇ “650 ਤੋਂ 700” ਦਾ ਪਹਿਲਾ ਰੋਡਮੈਪ ਜਨਤਕ ਕੀਤਾ ਜਾਵੇ।
ਇਹ ਕੰਮ ਕਿਸੇ ਇੱਕ ਵਿਅਕਤੀ ਜਾਂ ਇੱਕ ਸੰਸਥਾ ਦਾ ਨਹੀਂ ਹੋ ਸਕਦਾ। ਇਹ ਸਾਂਝੀ ਜ਼ਿੰਮੇਵਾਰੀ ਹੈ।
ਆਖ਼ਰੀ ਗੱਲ 650ਵਾਂ ਸਾਲ ਸਾਡੇ ਇਤਿਹਾਸ ਵਿੱਚ ਇਸ ਲਈ ਵੀ ਯਾਦ ਰਹਿ ਸਕਦਾ ਹੈ ਕਿ ਇਸ ਸਾਲ ਅਸੀਂ ਆਪਣੇ ਸਮਾਜ ਲਈ ਕੁਝ ਅਜਿਹਾ ਬਣਾਇਆ, ਜੋ ਸਾਡੇ ਤੋਂ ਬਾਅਦ ਵੀ ਕੰਮ ਆਉਂਦਾ ਰਿਹਾ।

ਸਾਡੇ ਕੋਲ ਪੜ੍ਹੇ-ਲਿਖੇ ਲੋਕ ਹਨ।
ਸਾਡੇ ਕੋਲ ਤਜਰਬੇਕਾਰ ਲੋਕ ਹਨ।
ਸਾਡੇ ਕੋਲ ਨੌਜਵਾਨ ਹਨ।
ਸਾਡੇ ਕੋਲ ਤਕਨਾਲੋਜੀ ਹੈ।
ਸਾਡੇ ਕੋਲ ਸਰੋਤ ਵੀ ਹਨ।
ਹੁਣ ਲੋੜ ਸਿਰਫ਼ ਇਕੱਠੇ ਹੋ ਕੇ ਕੰਮ ਸ਼ੁਰੂ ਕਰਨ ਦੀ ਹੈ।

ਆਓ, 650ਵਾਂ ਜਨਮ ਦਿਹਾੜਾ ਸਿਰਫ਼ ਮਨਾਈਏ ਨਾ।
ਇਸ ਨੂੰ ਇੱਕ ਨਵੀਂ ਸ਼ੁਰੂਆਤ ਬਣਾਈਏ।
ਅਜਿਹੀ ਸ਼ੁਰੂਆਤ, ਜਿਸਦਾ ਲਾਭ 700ਵੇਂ ਜਨਮ ਦਿਹਾੜੇ ਵਾਲੀ ਪੀੜ੍ਹੀ ਨੂੰ ਮਿਲੇ।
ਅਜਿਹੀ ਵਿਰਾਸਤ, ਜਿਸ ’ਤੇ ਸਾਡੇ ਬੱਚੇ ਮਾਣ ਕਰ ਸਕਣ।
ਅਜਿਹਾ ਕੰਮ, ਜਿਸ ਨੂੰ ਦੇਖ ਕੇ ਆਉਣ ਵਾਲੀ ਪੀੜ੍ਹੀ ਕਹੇ—“650ਵੇਂ ਜਨਮ ਦਿਹਾੜੇ ਵੇਲੇ ਸਾਡੇ ਵੱਡਿਆਂ ਨੇ ਸਿਰਫ਼ ਗੁਰੂ ਰਵਿਦਾਸ ਜੀ ਨੂੰ ਯਾਦ ਨਹੀਂ ਕੀਤਾ ਸੀ, ਉਨ੍ਹਾਂ ਨੇ ਸਾਡੇ ਭਵਿੱਖ ਦੀ ਨੀਂਹ ਵੀ ਰੱਖੀ ਸੀ।”
ਸ਼ਾਇਦ ਗੁਰੂ ਰਵਿਦਾਸ ਜੀ ਨੂੰ ਸਾਡੀ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ।